ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਨੇ 5ਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਬਿਗ੍ਰੇਡੀਅਰ ਗੁਰਬਚਨ ਸਿੰਘ ਬੱਲ ਸਟੇਡੀਅਮ ਸਠਿਆਲਾ ਵਿਖੇ ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਵੱਲੋਂ 5ਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਸਰਬਜੀਤ ਸਿੰਘ ਰਾਹੁਲ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਵੱਲੋਂ 10 ਮਾਰਚ ਤੋਂ ਕ੍ਰਿਕਟ ਟੂਰਨਾਮੈਂਟ ਸ਼ੁਰੂ ਕੀਤੇ ਗਏ ਸਨ ਜਿਸ ਵਿਚ 16 ਟੀਮਾਂ ਨੇ ਭਾਗ ਲਿਆ ਅਤੇ ਫਾਈਨਲ ਮੈਚ ਭਿੰਭਰ ਤੇ ਸਠਿਆਲਾ ਦੀਆਂ ਟੀਮਾਂ ਦਰਮਿਆਨ ਹੋਇਆ।

ਇਸ ਫਾਈਨਲ ਮੈਚ ਵਿਚ ਸਠਿਆਲਾ ਦੀ ਟੀਮ ਜੇਤੂ ਰਹੀ ਤੇ ਬੈਸਟ ਬੈਟਸਮੈਨ ਮਨੀ ਬਿਆਸ ਤੇ ਬੈਸਟ ਬਾਲਰ ਮਨਦੀਪ ਯੂ. ਕੇ. ਨੂੰ ਐਲਾਨ ਕੀਤਾ ਗਿਆ।

ਇਸ ਮੌਕੇ ਜੇਤੂ ਟੀਮਾਂ ਨੂੰ ਇਨਾਮ ਸਰਪੰਚ ਦਲਵਿੰਦਰ ਸਿੰਘ, ਸਰਪੰਚ ਦਲਬੀਰ ਸਿੰਘ, ਯੂਥ ਅਕਾਲੀ ਦਲ ਬਾਦਲ ਦੇ ਕੌਮੀ ਜਰਨਲ ਸਕੱਤਰ ਗੁਰਜਿੰਦਰ ਸਿੰਘ ਗਿੰਦਾ, ਮਾ: ਜਗੀਰ ਸਿੰਘ, ਮਾ: ਗਗਨਦੀਪ ਸਿੰਘ, ਜੋਤੀ ਬੱਲ ਤੇ ਪ੍ਰਧਾਨ ਸਰਬਜੀਤ ਸਿੰਘ ਰਾਹੁਲ ਵੱਲੋਂ ਅੱਵਲ ਰਹੀ ਟੀਮ ਨੂੰ 25 ਹਜ਼ਾਰ ਰੁਪਏ ਤੇ ਦੂਸਰੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਟੀਮ ਨੂੰ 15 ਹਜ਼ਾਰ ਰੁਪਏ ਤੇ ਸ਼ੀਲਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮਨੀ ਕੋਚ, ਗਾਇਕ ਸੁਰਜੀਤ ਜੀਤੂ, ਮਨਦੀਪ, ਸ਼ੇਰਾ, ਰਣਜੋਧ ਸਿੰਮਾ, ਅਭਿਸ਼ੇਕ, ਗੋਰਾ, ਦੀਪੂ, ਜੋਰਾਵਾਰ ਸਿੰਘ, ਸੰਜੂ ਬੱਲ, ਗੁਰਸੇਵਕ ਸਿੰਘ, ਧਰਮਬੀਰ ਸਿੰਘ, ਅਜੇ, ਵਿਪਨ ,ਵਰੁਣ, , ਮਨਿੰਦਰ ਸਿੰਘ ਅਮੋਲਕ ਸਿੰਘ ਆਦਿ ਕਲੱਬ ਮੈਂਬਰ ਹਾਜ਼ਰ ਸਨ। ਇਸ ਮੌਕੇ ਬਹੁਤ ਸਾਰੇ ਇਲਾਕਾ ਨਿਵਾਸੀ ਹਾਜ਼ਰ ਸਨ।

ਭਿੱਖੀਵਿੰਡ ਵਿਖੇ ਸ. ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਪਾਰਟੀ ਦਫਤਰ ਮਨਾਇਆ ਜਾਵੇਗਾ : ਭੱਟੀ

ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਦਿਹਾਤੀ ਮਜ਼ਦੂਰ ਸਭਾ ਵੱਲੋਂ 22 ਮਾਰਚ ਨੂੰ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਭਿੱਖੀਵਿਡ ਪਾਰਟੀ ਦਫਤਰ ਵਿਖੇ ਮਨਾਇਆ ਜਾਵੇਗਾ।

ਦਿਹਾਤੀ ਮਜ਼ਦੂਰ ਸਭਾ ਦੇ ਮੀਤ ਪ੍ਰਧਾਨ ਗੁਰਬੀਰ ਸਿੰਘ ਭੱਟੀ ਰਾਜੋਕੇ, ਰੇਸ਼ਮ ਸਿੰਘ, ਗੋਰਖ ਸਿੰਘ, ਸ਼ੇਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਠੀਕ ਗਿਆਰਾਂ ਵਜੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ। ਅਸੀਂ ਪਾਰਟੀ ਵਰਕਰਾਂ ਨੂੰ ਬੇਨਤੀ ਕਰਦੇ ਹਾਂ ਕਿ ਵੱਧ ਤੋਂ ਵੱਧ ਵਰਕਰਾਂ ਨੂੰ ਲੈ ਕੇ ਭਿੱਖੀਵਿੰਡ ਪਾਰਟੀ ਦਫਤਰ ਪਹੁੰਚੋ। ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਸੀਂ ਪੂਰੀ ਤਨਦੇਹੀ ਲਗਾਵਾਂਗੇ। ਦਿਹਾਤੀ ਮਜ਼ਦੂਰ ਸਭਾ ਮਜ਼ਦੂਰ ਸਾਥੀਆਂ ਦੀਆਂ ਮੰਗਾਂ ਲਈ ਸੰਘਰਸ਼ ਕਰਦੀ ਰਹੇਗੀ।

ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕੁਇਜ਼ ਮੁਕਾਬਲੇ ਕਰਵਾਏ ਗਏ

ਗੁਰਦਾਸਪੁਰ (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਦੀ ਪ੍ਰਧਾਨਗੀ ਹੇਠ ਭਾਰਤੀ ਸਿੱਖਿਆ ਮੰਡਲ ਦੇ ਜ਼ਿਲ੍ਹਾ ਕੋਆਰਡੀਨੇਟਰ ਓਮ ਪ੍ਰਕਾਸ਼ ਅਬਰੋਲ ਅਤੇ ਸੇਵਾ ਮੁਕਤ ਪ੍ਰਿੰ. ਵਰਿੰਦਰ ਦੀ ਦੇਖ ਰੇਖ ਹੇਠ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੀ ਜੀਵਨੀ ਸਬੰਧੀ ਕੁਇਜ਼ ਮੁਕਾਬਲੇ ਕਰਵਾਏ ਗਏ। ਇਸ ਮੌਕੇ ਬੀ.ਐੱਡ. ਅਤੇ ਈਟੀਟੀ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਪ੍ਰਤੀਯੋਗਤਾ ਵਿਚ ਚੰਗਾ ਮੁਕਾਮ ਹਾਸਲ ਕੀਤਾ। ਇਸ ਪ੍ਰਤੀਯੋਗਤਾ ਵਿਚ ਬੱਚਿਆਂ ਨੂੰ ਯੋਗ ਅਤੇ ਖੇਡਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੀ.ਐਡ. ਦੇ ਵਿਦਿਆਰਥੀਆਂ ਵਲੋਂ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਇਕ ਡਰਾਮਾ ਵੀ ਪੇਸ਼ ਕੀਤਾ ਗਿਆ ਜਿਸ ਨੂੰ ਹਰ ਪਾਸਿਓਂ ਸਰਾਹਿਆ ਗਿਆ। ਕਾਲਜ ਪ੍ਰਿੰ. ਡਾ. ਰੁਪਿੰਦਰ ਕੌਰ ਨੇ ਭਗਤ ਸਿੰਘ ਵਲੋਂ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੇ ਬਲੀਦਾਨ ਅਤੇ ਉਨ੍ਹਾਂ ਦੀ ਦੇਸ਼ ਪ੍ਰੇਮ ਪ੍ਰਤੀ ਲਗਨ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਸਾਨੂੰ ਕਈ ਪ੍ਰੇਰਨਾਵਾਂ ਮਿਲਦੀਆਂ ਹਨ ਅਤੇ ਸਾਡੇ ਲਈ ਸਾਡਾ ਰਾਸ਼ਟਰ ਸਭ ਤੋਂ ਉਚਾ ਹੈ। ਪ੍ਰਿੰਸੀਪਲ ਰੁਪਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਨਿਰੋਏ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਸਾਡਾ ਹਰ ਕਦਮ ਰਾਸ਼ਟਰ ਦੇ ਵਿਕਾਸ ਵੱਲ ਵਧਣਾ ਚਾਹੀਦਾ ਹੈ। ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿਚ ਬੀ.ਐਡ. ਕਲਾਸ ਦੀ ਮਾਨਵੀ ਨੇ ਪਹਿਲਾ ਸਥਾਨ, ਅਕਸ਼ੇ ਨੇ ਦੂਜਾ ਅਤੇ ਨਤਾਸ਼ਾ ਈਟੀਟੀ ਦੀ ਵਿਦਿਆਰਥਣ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਸਾਡੇ ਕਾਲਜ ਵਲੋਂ ਅਜਿਹੇ ਮੁਕਾਬਲੇ ਸਮੇਂ-ਸਮੇਂ ਕਰਵਾਏ ਜਾਂਦੇ ਹਨ ਜਿਸ ਨਾਲ ਵਿਦਿਆਰਥੀਆਂ ਦਾ ਭੌਤਿਕ ਅਤੇ ਮਾਨਸਿਕ ਵਿਕਾਸ ਹੋ ਸਕੇ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਜੀ ਦੀਆ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਸਟਾਫ਼ ਮੈਂਬਰ, ਪ੍ਰੋ. ਊਮਾ ਸ਼ਰਮਾ, ਰਜਨੀਸ਼ ਮਹਾਜਨ, ਅਤੁਲ ਅਗਰਵਾਲ, ਅਨੂ ਸੈਣੀ, ਨਿਧੀ, ਪੂਜਾ, ਜਯੋਤੀ ਆਦਿ ਹਾਜ਼ਰ ਸਨ।

ਸੇਮ ਨਾਲੇ ਦੇ ਪੁਲ 'ਤੇ ਰੇਹੜੀਆਂ ਲੱਗਣ ਕਾਰਨ ਹਾਦਸਿਆਂ ਦਾ ਡਰ ਸਤਾਉਣ ਲੱਗਾ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਰੋਡ ਸਥਿਤ ਤਿੱਬੜੀ ਰੋਡ 'ਤੇ ਪੈਂਦੇ ਰੇਲਵੇ ਅੰਡਰ ਬ੍ਰਿਜ ਨੂੰ ਪਾਰ ਕਰਕੇ ਬਾਬਾ ਟਹਿਲ ਸਿੰਘ ਜੀ ਗੁਰਦੁਆਰਾ ਸਾਹਿਬ ਦੇ ਅੱਗੇ ਪੈਂਦੇ ਸੇਮ ਨਾਲੇ 'ਤੇ ਬਣੇ ਪੁਲ ਵਿਚਕਾਰ ਲੱਗੀਆਂ ਖ਼ਾਣ ਪੀਣ ਵਾਲੀਆਂ, ਫ਼ਰੂਟ ਆਦਿ ਦੀਆਂ ਰੇਹੜੀਆਂ ਕਾਰਨ ਸਕੂਟਰ-ਮੋਟਰਸਾਈਕਲ ਸੜਕ ਵਿਚਕਾਰ ਖੜ੍ਹੇ ਕਰਕੇ ਲੋਕ ਖ਼ਰੀਦੋ ਫਰੋਖਤ ਕਰਨ ਲੱਗ ਪੈਂਦੇ ਹਨ ਜਿਸ ਕਾਰਨ ਹਰ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਅਜਿਹਾ ਪ੍ਰਸ਼ਾਸਨ ਦੀ ਅਣਗਹਿਲੀ ਤੇ ਧਿਆਨ ਨਾ ਦੇਣ ਕਰਕੇ ਹੋ ਰਿਹਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਅਤੇ ਲੋਕ ਨਿਰਮਾਣ ਵਿਭਾਗ ਵਲੋਂ ਇਨ੍ਹਾਂ ਰੇਹੜੀਆਂ ਆਦਿ ਦੇ ਪੁਲ 'ਤੇ ਖੜੇ ਹੋਣ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਆਏ ਦਿਨ ਇਸ ਪੁਲ 'ਤੇ ਰੇਹੜੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਜਾਵੇਗੀ। ਗਰਮੀਆਂ ਦੇ ਸੀਜ਼ਨ ਵਿਚ ਰੇਹੜੀਆਂ 'ਤੇ ਛਤਰੀਆਂ ਵਗੈਰਾ ਲੱਗਣ ਕਰਕੇ ਪੁਲ 'ਤੇ ਰਸ਼ ਵਧ ਜਾਵੇਗਾ ਜਿਸ ਨਾਲ ਟਰੈਫ਼ਿਕ ਸਮੱਸਿਆ ਵਧ ਜਾਵੇਗੀ।

ਲੋਕਾਂ ਦੀ ਸਬੰਧਿਤ ਵਿਭਾਗ ਨਗਰ ਕੌਂਸਲ ਅਤੇ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਕੀਤੀ ਕਿ ਗੰਨੇ ਨਾਲੇ 'ਤੇ ਬਣੇ ਪੁਲ 'ਤੇ ਖੜੀਆਂ ਰੇਹੜੀਆਂ ਨੂੰ ਇਥੇ ਖੜ੍ਹੇ ਹੋਣ ਤੋਂ ਰੋਕਿਆ ਜਾਵੇ ਤਾਂ ਜੋ ਕਿਸੇ ਸਮੇਂ ਵੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਕਾਂਗਰਸ ਦੇ ਹੱਕ 'ਚ ਭਗਵੰਤ ਪਾਲ ਸੱਚਰ ਵੱਲੋਂ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਚੋਣ ਕਮਿਸ਼ਨ ਵੱਲੋਂ ਲੋਕ ਲਭਾ ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਹੁੰਦੇ ਸਾਰ ਹੀ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪੋ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਏਸੇ ਲੜੀ ਦੇ ਤਹਿਤ ਵਿਧਾਨ ਸਭਾ ਹਲਕਾ ਮਜੀਠਾ ਵਿੱਤ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਵੱਲੋਂ ਵੀ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਸਾਬਕਾ ਸਰਪੰਚ ਸੁਖਦੇਵ ਸਿੰਘ ਤਲਵੰਡੀ ਖੁੰਮਣ ਦੇ ਗ੍ਰਹਿ ਵਿਖੇ ਮੋਹਤਬਰ ਵਿਅਕਤੀਆਂ ਨਾਲ ਮੀਟਿੰਗ ਕਰਨ ਉਪਰੰਤ ਗੱਲਬਾਤ ਕਰਦਿਆਂ ਸੱਚਰ ਨੇ ਕਿਹਾ ਕਿ ਇਸ ਵਾਰ ਪੰਜਾਬ ਦੇ ਲੋਕ ਕੇਂਦਰ ਦੀ ਲੋਕਮਾਰੂ ਮੋਦੀ ਸਰਕਾਰ ਤੇ ਪੰਜਾਬ ਵਿਚਲੀ ਭਗਵੰਤ ਮਾਨ ਦੀ ਸਰਕਾਰ ਦੇ ਜੁਮਲਿਆਂ ਨੂੰ ਚੰਗੀ ਤਰਾਂ ਸਮਝ ਚੁੱਕੇ ਹਨ ਤੇ ਇਸ ਵਾਰ ਬਹੁਤ ਸੋਚ ਸਮਝ ਕੇ ਵੋਟ ਦਾ ਇਸਤੇਮਾਲ ਕਰਦਿਆਂ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੋਟ ਪਾਉਣਗੇ ਤਾਂ ਜੋ ਇਨ੍ਹਾਂ ਦੋਵਾਂ ਸਰਕਾਰਾਂ ਕੋਲੋਂ ਬਦਲਾ ਲਿਆ ਜਾ ਸਕੇ। ਸੱਚਰ ਨੇ ਅਪੀਲ ਕਰਦਿਆਂ ਕਿਹਾ ਕਿ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਬੂਥ ਪੱਧਰ ਤੱਕ ਤੇ ਘਰ-ਘਰ ਕਾਂਗਰਸ ਪਾਰਟੀ ਦਾ ਸੁਨੇਹਾ ਪਹੁੰਚਾਇਆ ਜਾਵੇ ਤਾਂ ਜੋ ਅਗਾਮੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰਾਂ ਦੀ ਵੱਡੀ ਜਿੱਤ ਹੋ ਸਕੇ। ਇਸ ਮੌਕੇ ਸਾਬਕਾ ਸਰਪੰਚ ਸੁੱਖਦੇਵ ਸਿੰਘ, ਰਣਜੀਤ ਸਿੰਘ, ਦਲਜੀਤ ਸਿੰਘ ਪਾਖਰਪੁਰ, ਨਵਤੇਜ ਪਾਲ ਸਿੰਘ, ਸੂਬੇਦਾਰ ਨਾਨਕ ਸਿੰਘ, ਪਲਵਿੰਦਰ ਸਿੰਘ, ਟਹਿਲ ਸਿੰਘ, ਜਗੀਰ ਸਿੰਘ ਦੋਧੀ, ਬਾਬਾ ਜੀਵਨ ਸਿੰਘ, ਮੇਵਾ ਸਿੰਘ, ਸਰਦੂਲ ਸਿੰਘ ਬਿੱਟੂ, ਹਰਪਾਲ ਸਿੰਘ, ਕੇਵਲਦੀਪ ਸਿੰਘ, ਅਨੋਖ ਸਿੰਘ, ਮਿਸਤਰੀ ਸਤਨਾਮ ਸਿੰਘ, ਗੁਰਦੀਪ ਸਿੰਘ, ਸੁਖਦੇਵ ਸਿੰਘ ਖੈੜਾ, ਬਲਦੇਵ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

ਵਜ਼ੀਰ ਸਿੰਘ ਰੰਧਾਵਾ ਦਾ ਨਾਵਲ 'ਡੁੱਲ੍ਹੇ ਬੇਰ' ਲੋਕ ਅਰਪਿਤ

26ਵਾਂ ਨਾਭਾ ਕਵਿਤਾ ਉਤਸਵ-2024

ਅੰਮ੍ਰਿਤਸਰ ਜਸਬੀਰ ਸਿੰਘ ਪੱਟੀ)-ਪੰਜਾਬੀ ਗਲਪਕਾਰ ਵਜ਼ੀਰ ਸਿੰਘ ਰੰਧਾਵਾ ਦਾ ਨਵ-ਪ੍ਰਕਾਸਿਤ ਨਾਵਲ 'ਡੁੱਲ੍ਹੇ ਬੇਰ' ਭਾਈ ਕਾਹਨ ਸਿੰਘ ਨਾਭਾ ਰਚਨਾ ਵਿਚਾਰ ਮੰਚ ਵੱਲੋਂ ਹਰ ਵਰ੍ਹੇ ਕਰਵਾਏ ਜਾਂਦੇ ਨਾਭਾ ਕਵਿਤਾ ਉਤਸਵ ਮੌਕੇ ਲੋਕ ਅਰਪਿਤ ਕੀਤਾ ਗਿਆ। ਕੇਂਦਰੀ ਸਭਾ ਦੇ ਸਕੱਤਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ ਅਤੇ ਜੈਨਇੰਦਰ ਚੌਹਾਨ ਹੁਰਾਂ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ ਅਤੇ ਡਾ. ਲਖਵਿੰਦਰ ਜੌਹਲ ਨੇ ਸਾਂਝੇ ਤੌਰ 'ਤੇ ਕੀਤੀ। ਲੇਖਕ ਵਜ਼ੀਰ ਸਿੰਘ ਰੰਧਾਵਾ ਨੂੰ ਵਧਾਈ ਦਿੰਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਨਾਵਲ 'ਡੁੱਲ੍ਹੇ ਬੇਰ' ਇੱਕੀਵੀਂ ਸਦੀ ਦੀ ਦਿਸ਼ਾਹੀਣ ਹੋਈ ਪੀੜ੍ਹੀ ਦੀ ਮਾਰਮਿਕ ਕਸ਼ੀਦਾਕਾਰੀ ਕਰਦਾ ਹੈ। ਡਾ. ਲਖਵਿੰਦਰ ਜੌਹਲ ਨੇ ਨਾਵਲ ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਨਾਵਲ ਵਿਚ ਪੰਜਾਬੀ ਬੰਦੇ ਦਾ ਜੀਣ-ਥੀਣ, ਰਹਿਣ ਸਹਿਣ ਅਤੇ ਖਾਣ-ਪੀਣ ਦੇ ਆਏ ਬਦਲਾਅ ਦਾ ਖ਼ੂਬਸੂਰਤ ਚਿਤਰਣ ਕੀਤਾ ਗਿਆ ਹੈ। ਸੁਸ਼ੀਲ ਦੁਸਾਂਝ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਾਵਲ ਦੇ ਸਮੁੱਚੇ ਪਾਤਰ ਕਿਤੇ ਵੀ ਸਮਾਜਿਕ ਮਰਿਆਦਾ ਦਾ ਉਲੰਘਣ ਨਹੀਂ ਕਰਦੇ। ਡਾ. ਦੀਪਕ ਮਨਮੋਹਨ, ਰਵਿੰਦਰ ਸਹਿਰਾਅ ਅਤੇ ਆਈ. ਪੀ. ਐੱਸ. ਮਨਮੋਹਨ ਨੇ ਵੀ ਨਾਵਲ 'ਤੇ ਸਾਰਥਕ ਚਰਚਾ ਕੀਤੀ। ਸੁਰਿੰਦਰ ਸਿੰਘ ਸੁੰਨੜ, ਸ਼ੈਲਿੰਦਰਜੀਤ ਰਾਜਨ, ਹਰਜੀਤ ਸਿੰਘ ਸੰਧੂ, ਮੱਖਣ ਕੁਹਾੜ, ਗੁਰਮੀਤ ਬਾਜਵਾ, ਮਨਮੋਹਨ ਢਿੱਲੋਂ, ਸਰਬਜੀਤ ਸੰਧੂ, ਡਾ. ਮੋਹਨ, ਡਾ. ਹੀਰਾ ਸਿੰਘ ਅਤੇ ਡਾ. ਬਲਜੀਤ ਢਿੱਲੋਂ ਆਦਿ ਨੇ ਵੀ ਵਜ਼ੀਰ ਸਿੰਘ ਰੰਧਾਵਾ ਨੂੰ ਉਨ੍ਹਾਂ ਦੀ ਸੱਜਰੀ ਤੇ ਬਹੁ-ਮੁੱਲੀ ਸਾਹਿਤਕ ਕਿਰਤ ਦੀ ਮੁਬਾਰਕਬਾਦ ਦਿੱਤੀ।

ਆਂਗਣਵਾੜੀ ਸੈਂਟਰਾਂ ਦੇ ਖੋਹੇ ਲੱਖਾਂ ਬੱਚੇ ਵਾਪਸ ਕੀਤੇ ਜਾਣ: ਹਰਗੋਬਿੰਦ ਕੌਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਦਲਜਿੰਦਰ ਕੌਰ ਉਦੋਨੰਗਲ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਹੋਈ ਜਿਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਬੋਲਦਿਆਂ ਹਰਗੋਬਿੰਦ ਕੌਰ ਨੇ ਮੰਗ ਕੀਤੀ ਹੈ ਕਿ ਆਂਗਣਵਾੜੀ ਸੈਂਟਰਾਂ ਦੇ ਜਿਨ੍ਹਾਂ ਛੋਟੇ ਬੱਚਿਆਂ ਨੂੰ ਸਾਲ 2017 ਦੌਰਾਨ ਆਂਗਣਵਾੜੀ ਸੈਂਟਰਾਂ ਤੋਂ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਕਰ ਲਿਆ ਸੀ ਉਨ੍ਹਾਂ ਬੱਚਿਆਂ ਨੂੰ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਇੰਨਾ ਲੰਮਾ ਸਮਾਂ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਬੱਚਿਆਂ ਨੂੰ ਅਜੇ ਤੱਕ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਨਹੀਂ ਭੇਜਿਆ ਗਿਆ। ਉਨ੍ਹਾਂ ਕਿਹਾ ਕਿਹਾ ਕਿ ਹੁਣ ਵੀ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਤਿੰਨ ਸਾਲ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕੀਤਾ ਜਾਵੇਗਾ ਅਤੇ ਇਹ ਬੱਚੇ ਸਕੂਲਾਂ ਵਿੱਚ ਦਾਖਲ ਕੀਤੇ ਜਾ ਰਹੇ ਹਨ ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਬਣਦਾ ਗਰੇਡ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਐੱਨਜੀਓ ਬਲਾਕਾਂ ਵਿੱਚ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ (ਖਾਸ ਕਰਕੇ ਬਾਲ ਭਲਾਈ ਕੌਂਸਲ) ਦਾ 1 ਸਾਲ ਦਾ ਸਟੇਟ ਫੰਡ ਦਾ ਮਾਣ ਭੱਤਾ ਬਕਾਇਆ ਖੜਾ ਹੈ। ਸਮਾਜ ਭਲਾਈ ਬੋਰਡ ਦੀਆਂ ਵਰਕਰਾਂ ਹੈਲਪਰਾਂ ਦਾ ਸਟੇਟ ਅਤੇ ਸੈਂਟਰ ਦਾ ਫੰਡ ਛੇ ਮਹੀਨਿਆਂ ਦਾ ਬਕਾਇਆ ਖੜ੍ਹਾ ਹੈ। ਇਨ੍ਹਾਂ ਦਾ ਮਾਣ-ਭੱਤਾ ਦਿੱਤਾ ਜਾਵੇ। ਇਸ ਮੀਟਿੰਗ ਦੌਰਾਨ ਸੰਤੋਸ਼ ਕੌਰ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਮੌਕੇ ਦਲਜਿੰਦਰ ਕੌਰ ਉਦੋਨੰਗਲ, ਸੰਤੋਸ਼ ਕੌਰ ਵੇਰਕਾ, ਹਰਜਿੰਦਰ ਕੌਰ ਅਜਨਾਲਾ, ਜਸਬੀਰ ਕੌਰ ਮਜੀਠਾ, ਸੁਖਵਿੰਦਰ ਕੌਰ, ਹਰਮੀਤ ਕੌਰ, ਜਸਵੀਰ ਕੌਰ ਚੋਗਾਵਾਂ ਅਤੇ ਸ਼ਮ੍ਹਾ ਰਾਣੀ ਅਟਾਰੀ ਆਦਿ ਆਗੂ ਮੌਜੂਦ ਸਨ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ 23 ਨੂੰ : ਡੱਲਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਅੱਜ ਇੱਥੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਵਿਸ਼ੇਸ਼ ਮੀਟਿੰਗ ਨੌਜਵਾਨ ਆਗੂਆਂ ਸ਼ਮਸ਼ੇਰ ਸਿੰਘ ਡੱਲਾ, ਬਲਵਿੰਦਰ ਸਿੰਘ ਕੋਟਲਾ, ਸੁਰਾਜ ਲੁਹਾਰ ਤੇ ਗਾਇਕ ਗੁਰਪਾਲ ਗਿੱਲ ਸੈਦਪੁਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਬੋਲਦਿਆਂ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ ਨੇ ਦੱਸਿਆ ਕਿ 23 ਮਾਰਚ ਨੂੰ ਅਜਨਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦਾ 93ਵਾਂ ਸ਼ਹੀਦ ਦਿਹਾੜਾ ਦੇਸ਼ 'ਚ ਜਮਹੂਰੀਅਤ ਦੇ ਸਿਧਾਂਤ ਨੂੰ ਬਚਾਉਣ ਅਤੇ ਵਿੱਦਿਆ, ਸਿਹਤ ਤੇ ਰੁਜ਼ਗਾਰ ਲਈ ਸਭ ਦਾ ਮੌਲਿਕ ਅਧਿਕਾਰ ਬਣਾਉਣ ਲਈ ਇਨਕਲਾਬੀ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ! ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਡਾ: ਸਤਨਾਮ ਸਿੰਘ ਅਜਨਾਲਾ ਨੇ ਨੌਜਵਾਨਾਂ ਨੂੰ ਦੱਸਿਆ ਕਿ ਇਸ ਵੇਲੇ ਕੇਂਦਰ ਤੇ ਰਾਜ ਕਰਦੀ ਬੀਜੇਪੀ ਸਰਕਾਰ ਜਮੂਹਰੀਅਤ ਦਾ ਗਲਾ ਘੁੱਟ ਰਹੀ ਹੈ ਤੇ ਭਾਰਤ ਦੇ ਸੰਵਿਧਾਨ ਨੂੰ ਆਪਣੇ ਸੌੜੇ ਹਿੱਤਾਂ ਲਈ ਤੋੜਨਾ-ਮਰੋੜਨਾ ਚਾਹੁੰਦੀ ਹੈ! ਉਨ੍ਹਾਂ ਅੱਗੇ ਕਿਹਾ ਕਿ ਇਸਨੇ ਆਪਣੇ 10 ਸਾਲਾਂ ਦੇ ਰਾਜ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਔਰਤਾਂ ਦੇ ਹੱਕਾਂ ਨੂੰ ਅਣਗੌਲਿਆਂ ਕੀਤਾ ਹੈ ਅਤੇ ਉਨ੍ਹਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਧਰਨੇ ਮੁਜ਼ਾਹਰਿਆਂ ਤੇ ਡਾਢਾ ਜਬਰ ਢਾਹਿਆ ਜਾ ਰਿਹਾ ਹੈ ਜਿਸ ਕਰਕੇ ਇਸ ਸਰਕਾਰ ਨੂੰ ਦੰਡ ਦਿੱਤਾ ਜਾਵੇ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ ਚੱਕ ਡੋਗਰਾਂ, ਮੰਗਲ ਸਿੰਘ ਅਵਾਣ ਵਸਾਊ, ਬੂਟਾ ਸਿੰਘ ਭੂਤਨਪੁਰਾ, ਹਰਪਾਲ ਸਿੰਘ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵੱਧ-ਚੜ੍ਹ ਕੇ ਪਹੁੰਚਣ।

ਚੋਣ/ਪੋਲਿੰਗ ਡਿਊਟੀ ਨੂੰ ਕੱਟਿਆ ਨਹੀਂ ਜਾਵੇਗਾ: ਜ਼ਿਲ੍ਹਾ ਚੋਣ ਅਧਿਕਾਰੀ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਿਹੜੇ ਵੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਚੋਣ ਡਿਊਟੀ ਲਗਾਈ ਗਈ ਹੈ ਜਾਂ ਭਵਿੱਖ ਵਿੱਚ ਲਗਾਈ ਜਾਵੇਗੀ ਉਸ ਡਿਊਟੀ ਨੂੰ ਕੱਟਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਕੇਵਲ ਅਜਿਹੇ ਅਧਿਕਾਰੀ, ਕਰਮਚਾਰੀ ਜੋ ਕੁਝ ਕਾਰਨਾਂ (ਬਿਮਾਰੀ, ਗਰਭਵਤੀ, ਪ੍ਰਸੂਤਾ ਛੁੱਟੀ, ਮੈਡੀਕਲ ਛੁੱਟੀ ਜਾਂ ਨਾ-ਟਾਲਣਯੋਗ ਜ਼ਰੂਰੀ ਕੰਮ ਆਦਿ ਕਰਕੇ ਚੋਣ/ਪੋਲਿੰਗ ਡਿਊਟੀ ਕਰਨ ਤੋਂ ਅਸਮਰਥ ਹਨ, ਉਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਚੋਣ/ਪੋਲਿੰਗ ਡਿਊਟੀ ਤੋਂ ਛੋਟ ਦੇਣ ਲਈ ਜ਼ਿਲ੍ਹਾ ਪੱਧਰ 'ਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ, ਗੁਰਦਾਸਪੁਰ, ਸਿਵਲ ਸਰਜਨ, ਗੁਰਦਾਸਪੁਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਗੁਰਦਾਸਪੁਰ ਦੀ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੇ ਅਧਿਕਾਰੀਆਂ ਵੱਲੋਂ ਚੋਣ/ਪੋਲਿੰਗ ਡਿਊਟੀ ਤੋਂ ਛੋਟ ਦੇਣ ਸਬੰਧੀ ਦਸਤਾਵੇਜ਼ ਆਦਿ ਵੇਖਕੇ ਜੋ ਫ਼ੈਸਲਾ ਲਿਆ ਜਾਵੇਗਾ ਉਸ ਅਨੁਸਾਰ ਹੀ ਸਬੰਧਿਤ ਅਧਿਕਾਰੀ/ਕਰਮਚਾਰੀ ਨੂੰ ਚੋਣ/ਪੋਲਿੰਗ ਡਿਊਟੀ ਤੋਂ ਛੋਟ ਦਿੱਤੀ ਜਾ ਸਕਦੀ ਹੈ।ਇਸਦੇ ਨਾਲ ਹੀ ਜੋ ਅਧਿਕਾਰੀ/ਕਰਮਚਾਰੀ ਇਨ੍ਹਾਂ ਕਾਰਨਾਂ ਤੋਂ ਇਲਾਵਾ ਛੁੱਟੀ ਅਪਲਾਈ ਕਰਦੇ ਹਨ, ਉਨ੍ਹਾਂ ਦੇ ਖ਼ਿਲਾਫ਼ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਪੁਲਸ ਵੱਲੋਂ ਭਗੌੜਾ ਕਾਬੂ

ਬਾਬਾ ਬਕਾਲਾ ਸਾਹਿਬ(ਜਸਪਾਲ ਸਿੰਘ)-ਬਾਬਾ ਬਕਾਲਾ ਸਾਹਿਬ ਦੀ ਪੁਲਸ ਨੇ ਇਕ ਭਗੌੜੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦਿਆਂ ਬਲਵਿੰਦਰ ਸਿੰਘ ਚੌਕੀ ਇੰਚਾਰਜ ਬਾਬਾ ਬਕਾਲਾ ਸਾਹਿਬ ਨੇ ਦੱਸਿਆ ਕਿ ਮੁਕੱਦਮਾ ਨੰ: 220 (ਸਾਲ 2020) ਧਾਰਾ 61-1-14 ਐਕਸਾਈਜ਼ ਐਕਟ ਤਹਿਤ ਸਥਾਨਕ ਪੁਲਸ ਨੇ ਇਕ ਭਗੌੜੇ ਦੋਸ਼ੀ ਸੁਖਵਿੰਦਰ ਸਿੰਘ ਪੁੱਤਰ ਚੰਨਣ ਸਿੰਘ, ਪਿੰਡ ਸਠਿਆਲਾ ਨੂੰ ਕਾਬੂ ਕਰਕੇ ਮਾਣਯੋਗ ਐੱਸ ਡੀ ਜੇ ਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਹੈ।

ਕ੍ਰੋਮਾ ਏਅਰ ਕੰਡੀਸ਼ਨਰ, ਫਰਿੱਜ, ਰੂਮ ਕੂਲਰ 'ਤੇ ਦੇ ਰਿਹੈ ਸ਼ਾਨਦਾਰ ਆਫਰ

ਪਟਿਆਲਾ : ਕ੍ਰੋਮਾ ਨੇ ਆਪਣੀ ਗਰਮੀਆਂ ਦੀ ਸੇਲ ਮੁਹਿੰਮ ਦਾ ਐਲਾਨ ਕੀਤਾ ਹੈ ਜੋ ਮਈ 2024 ਤੱਕ ਜਾਰੀ ਰਹੇਗੀ ।ਗਰਮੀਆਂ ਦੀ ਸ਼ੁਰੂਆਤ ਦੇ ਨਾਲ ਇਹ ਬਹੁਤ ਜ਼ਿਆਦਾ ਉਡੀਕੀ ਜਾ ਰਹੀ ਗਰਮੀਆਂ ਦੀ ਸੇਲ ਗਾਹਕਾਂ ਲਈ ਆਪਣੇ ਘਰਾਂ ਨੂੰ ਵੱਧ ਰਹੇ ਤਾਪਮਾਨ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਆਧੁਨਿਕ ਉਪਕਰਨਾਂ ਨਾਲ ਲੈਸ ਕਰਨ ਦਾ ਵਧੀਆ ਮੌਕਾ ਪ੍ਰਦਾਨ ਕਰਦੀ ਹੈ।ਸੌਦੇ ਅਤੇ ਭੁਗਤਾਨ ਦੀ ਸੌਖ ਖਪਤਕਾਰਾਂ ਨੂੰ ਸਟੋਰਾਂ ਅਤੇ ਕ੍ਰੋਮਾ ਡਾਟ ਕਾਮ 'ਤੇ ਸਿਰਫ਼ 1,500 ਰੁਪਏ ਤੋਂ ਲੈ ਕੇ ਕੀਮਤ ਵਾਲਾ 1.5 ਟਨ ਸਪਲਿਟ ਏ. ਸੀ. ਗਾਹਕ ਕੋਈ ਵੀ ਇਲੈਕਟ੍ਰਾਨਿਕਸ ਆਈਟਮ ਲਿਆ ਸਕਦੇ ਹਨ ਅਤੇ ਨਵਾਂ ਏਸੀ ਘਰ ਲੈ ਜਾ ਸਕਦੇ ਹਨ।ਗਾਹਕ 250 ਏਅਰ ਕੰਡੀਸ਼ਨਰਾਂ, 300 ਫਰਿੱਜਾਂ, ਰੂਮ ਕੂਲਰ ਅਤੇ ਪੱਖਿਆਂ ਦੇ ਨਾਲ ਆਕਰਸ਼ਕ ਐਕਸਚੇਂਜ ਅਤੇ ਅਪਗ੍ਰੇਡ ਵਿਕਲਪਾਂ, ਕੈਸ਼ਬੈਕ ਪੇਸ਼ਕਸ਼ਾਂ ਅਤੇ 24 ਮਹੀਨਿਆਂ ਤੱਕ ਆਸਾਨ ਈਐੱਮਆਈ ਯੋਜਨਾਵਾਂ ਅਤੇ ਹੋਰ ਲਾਭਾਂ ਦੀ ਵਿਸ਼ਾਲ ਸ਼੍ਰੇਣੀ 'ਤੇ 45,000 ਰੁਪਏ ਤੱਕ ਦੇ ਲਾਭਾਂ ਦਾ ਆਨੰਦ ਲੈ ਸਕਦੇ ਹਨ।

YES BANK

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

[(ਰੂਲ-8 (i)] ਕਬਜ਼ਾ ਨੋਟਿਸ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ. ਸੈਵਨ ਸਟਾਰ ਨਿੱਟਵੀਅਰਜ ਰਾਹੀਂ ਇਸ ਦੇ ਮਾਲਕ ਪ੍ਰਮੋਦ ਖੋਸਲਾ ਪੁੱਤਰ ਰਜਿੰਦਰ ਪਾਲ, ਪਤਾ : ਮੰਦਰ ਮੋਹਨ ਲਾਲ ਗਲੀ, ਪੁਰਾਣਾ ਬਜ਼ਾਰ, ਲੁਧਿਆਣਾ-141008, ਨਾਲ ਹੀ : ਮਕਾਨ ਨੰ. 153-ਏ ਬਲਾਕ, ਹੰਬੜਾਂ ਰੋਡ, ਸਾਹਮਣੇ ਰਾਧਾ ਸਵਾਮੀ ਸਤਸੰਗ ਘਰ, ਨਿਊ ਕਿਚਲੂ ਨਗਰ, ਲੁਧਿਆਣਾ-141001 ('ਕਰਜ਼ਦਾਰ') (2) ਮੈਸ. ਸੈਵਨ ਸਟਾਰ ਇੰਟਰਨੈਸ਼ਨਲ ਰਾਹੀਂ ਇਸ ਦੇ ਮਾਲਕ ਸ੍ਰੀ ਪ੍ਰਵੇਸ਼ ਖੋਸਲਾ ਪੁੱਤਰ ਪ੍ਰਮੋਦ ਖੋਸਲਾ, ਪਤਾ : ਮੰਦਰ ਮੋਹਨ ਲਾਲ ਗਲੀ, ਪੁਰਾਣਾ ਬਜ਼ਾਰ, ਲੁਧਿਆਣਾ-141008 ('ਸਹਿ-ਕਰਜ਼ਦਾਰ ਅਤੇ ਗਰੰਟਰ') (3) ਸ੍ਰੀ ਪ੍ਰਮੋਦ ਖੋਸਲਾ ਪੁੱਤਰ ਰਜਿੰਦਰਪਾਲ, ਵਾਸੀ ਮਕਾਨ ਨੰ. 153-ਏ ਬਲਾਕ, ਹੰਬੜਾਂ ਰੋਡ, ਸਾਹਮਣੇ ਰਾਧਾ ਸਵਾਮੀ ਸਤਸੰਗ ਘਰ, ਨਿਊ ਕਿਚਲੂ ਨਗਰ, ਲੁਧਿਆਣਾ-141001 ('ਸਹਿ-ਕਰਜ਼ਦਾਰ ਤੇ ਗਰੰਟਰ') (4) ਸ੍ਰੀ ਪ੍ਰਵੇਸ਼ ਖੋਸਲਾ ਪੁੱਤਰ ਪ੍ਰਮੋਦ ਖੋਸਲਾ, ਵਾਸੀ ਮਕਾਨ ਨੰ. 153-ਏ ਬਲਾਕ, ਹੰਬੜਾਂ ਰੋਡ, ਸਾਹਮਣੇ ਰਾਧਾ ਸਵਾਮੀ ਸਤਸੰਗ ਘਰ, ਨਿਊ ਕਿਚਲੂ ਨਗਰ, ਲੁਧਿਆਣਾ-141001 ('ਸਹਿ-ਕਰਜ਼ਦਾਰ ਤੇ ਗਰੰਟਰ') (5) ਸ੍ਰੀਮਤੀ ਸੁਮਿਤਾ ਖੋਸਲਾ ਪਤਨੀ ਸ੍ਰੀ ਪ੍ਰਮੋਦ ਖੋਸਲਾ ਪੁੱਤਰ ਰਜਿੰਦਰਪਾਲ, ਵਾਸੀ ਮਕਾਨ ਨੰ. 153-ਏ ਬਲਾਕ, ਹੰਬੜਾਂ ਰੋਡ, ਸਾਹਮਣੇ ਰਾਧਾ ਸਵਾਮੀ ਸਤਸੰਗ ਘਰ, ਨਿਊ ਕਿਚਲੂ ਨਗਰ, ਲੁਧਿਆਣਾ-141001 ('ਸਹਿ-ਕਰਜ਼ਦਾਰ/ਗਰੰਟਰ ਅਤੇ ਰਹਿਣਕਾਰ') ਨੂੰ ਨੋਟਿਸ 'ਚ 13 ਜਨਵਰੀ 23 ਨੂੰ ਦਰਸਾਈ ਰਕਮ ਰੁ. 71,80,205.65 (ਇਕੱਤਰ ਲੱਖ ਅੱਸੀ ਹਜ਼ਾਰ ਦੋ ਸੌ ਪੰਜ ਰੁਪਏ ਅਤੇ ਪੈਂਹਠ ਪੈਸੇ ਕੇਵਲ) ਸਮੇਤ 13 ਮਾਰਚ 2024 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੇ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ 15 ਫਰਵਰੀ 2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਤੇ 24 ਫਰਵਰੀ 2023 ਨੂੰ ਭੇਜਿਆ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 13 ਮਾਰਚ 2024 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ 13 ਜਨਵਰੀ 2023 ਨੂੰ ਬਕਾਇਆ ਰਕਮ ਰੁ: 71,80,205.65 (ਇਕੱਤਰ ਲੱਖ ਅੱਸੀ ਹਜ਼ਾਰ ਦੋ ਸੌ ਪੰਜ ਰੁਪਏ ਅਤੇ ਪੈਂਹਠ ਪੈਸੇ ਕੇਵਲ) ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਊਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ :

ਰਹਿਣ ਕੀਤੀ ਜਾਇਦਾਦ ਦਾ ਵੇਰਵਾ	ਹੱਦਾਂ	ਰਹਿਣਕਾਰ
ਮਕਾਨ ਨੰ. ਬੀ-3-471, ਜਾਇਦਾਦ ਰਕਬਾ 75 ਵਰਗ ਗਜ਼, ਸ਼ਹਿਰ ਲੁਧਿਆਣਾ, ਪੁਰਾਣਾ ਬਜ਼ਾਰ ਵਜੋਂ ਜਾਣੀ ਜਾਂਦੀ ਅਬਾਦੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ	ਉੱਤਰ : ਖੁਦ ਮਾਲਕ, ਦੱਖਣ : ਪ੍ਰਵੀਨ ਭਨੋਟ, ਪੂਰਬ : ਗਲੀ, ਪੱਛਮ : ਡਾ. ਦੇਸ ਰਾਜ	ਸ੍ਰੀਮਤੀ ਸੁਮਿਤਾ ਖੋਸਲਾ ਪਤਨੀ ਸ੍ਰੀ ਪ੍ਰਮੋਦ ਖੋਸਲਾ ਪੁੱਤਰ ਰਜਿੰਦਰ ਪਾਲ

ਮਿਤੀ :13 ਮਾਰਚ 2024
ਸਥਾਨ : ਲੁਧਿਆਣਾ

ਵਾਸਤੇ ਯੈੱਸ ਬੈਂਕ ਲਿਮਟਿਡ
ਸ੍ਰੀ ਗੌਰਵ ਮਹਾਜਨ, ਅਧਿਕਾਰਤ ਅਫਸਰ

ਵਿਧਾਇਕ ਦੇਵ ਮਾਨ ਨੇ ਡਿਫੈਂਸ ਕਾਲੋਨੀ ਨਿਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ

ਨਾਭਾ (ਵਰਿੰਦਰ ਵਰਮਾ)-ਪਿਛਲੇ ਦਿਨੀਂ ਗੁਰਦੇਵ ਸਿੰਘ ਦੇਵ ਮਾਨ ਐੱਮਐੱਲਏ ਨਾਭਾ ਨੇ ਪੰਜਾਬ ਵਿਧਾਨ ਸਭਾ ਵਰਗੇ ਵੱਡੇ ਮੰਚ ਤੇ ਨਾਭੇ ਹਲਕੇ ਦੀਆਂ ਸਾਰੀਆਂ ਆਊਟਰ ਕਾਲੋਨੀਆਂ ਨੂੰ ਨਵੀਂ ਪੰਚਾਇਤ ਬਣਾਉਣ ਦੀ ਗੱਲਬਾਤ ਰੱਖੀ ਅਤੇ ਇਹ ਵੀ ਕਿਹਾ ਕਿ ਇੱਥੋਂ ਦੇ ਵਾਸੀ ਪਿਛਲੇ 20,25 ਸਾਲਾਂ ਤੋਂ ਬਤੌਰ ਵੋਟਰ ਹਰ ਪੰਜ ਸਾਲ ਬਾਅਦ ਸਰਪੰਚ, ਐੱਮਐੱਲਏ, ਐੱਮਪੀ, ਬਲਾਕ ਸੰਮਤੀ ਆਦਿ ਦੀਆਂ ਚੋਣਾਂ ਵਿਚ ਆਪਣੇ ਲੋਕਤੰਤਰਿਕ ਆਗੂ ਨੂੰ ਚੁਣਨ ਵਿਚ ਅਹਿਮ ਯੋਗਦਾਨ ਪਾਉਂਦੇ ਹਨ।

ਇਸ ਮੌਕੇ ਡਿਫੈਂਸ ਕਾਲੋਨੀ ਨਾਭਾ ਵਿਖੇ ਸ਼ਹੀਦ ਭਗਤ ਸਿੰਘ ਵੈੱਲਫੇਅਰ ਸੋਸਾਇਟੀ ਡਿਫੈਂਸ ਕਾਲੋਨੀ ਨਾਭਾ ਦੇ ਆਗੂਆਂ ਨੇ ਵਿਧਾਇਕ ਦੇਵ ਮਾਨ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕਰਕੇ ਧੰਨਵਾਦ ਕੀਤਾ ਅਤੇ ਆਪਣੀਆਂ ਮੁਸ਼ਕਿਲਾਂ ਜਿਵੇਂ ਕਿ ਗਲੀਆਂ, ਨਾਲੀਆਂ, ਸਟ੍ਰੀਟ ਲਾਈਟ, ਖੇਡ ਮੈਦਾਨ ਆਦਿ ਲੋੜਾਂ ਤੋਂ ਜਾਣੂ ਕਰਵਾਇਆ। ਵਿਧਾਇਕ ਦੇਵ ਮਾਨ ਵੱਲੋਂ ਮੁਸ਼ਕਿਲ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਉਨ੍ਹਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ, ਪ੍ਰਧਾਨ ਹਰਵਿੰਦਰ ਚੱਠਾ, ਗੁਰਦੀਪ ਸਿੰਘ ਟਿਵਾਣਾ, ਰਾਜੀਵ ਕੁਮਾਰ, ਕਾਮਰੇਡ ਨਿੱਛਤਰ ਸਿੰਘ, ਰਣਜੀਤ ਸਿੰਘ, ਮਾਸਟਰ ਸੁਰਜੀਤ ਸਿੰਘ, ਪੰਚ ਦੀਦਾਰ ਸਿੰਘ, ਰਾਜਿੰਦਰ ਸਿੰਘ, ਯਾਦਵਿੰਦਰ ਸਿੰਘ ਯਾਦੂ, ਪੁਰੀ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰਮਾਜਰੀ ਆਦਿ ਹਾਜ਼ਰ ਸਨ। ਇਸ ਮੌਕੇ ਸਮੂਹ ਨਗਰ ਵਾਸੀਆਂ ਵਲੋਂ ਵਿਧਾਇਕ ਦੇਵ ਮਾਨ ਨੂੰ ਕਲੋਨੀ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਮੰਗ ਪੱਤਰ ਦਿੱਤਾ ਗਿਆ। ਸਮੂਹ ਵਾਸੀਆਂ ਵੱਲੋਂ ਵਿਧਾਇਕ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ ਸੂਬਾਈ ਮੀਟਿੰਗ

ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਜਥੇਬੰਦੀ ਦੇ ਦਫਤਰ ਜਲੰਧਰ ਵਿਖੇ ਪਰਸ਼ੋਤਮ ਲਾਲ ਬਿਲਗਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਡਾਕਟਰ ਵਿਜੇਪਾਲ, ਹਰਬੰਸ ਸਿੰਘ ਧੂਤ, ਰਾਣਾ ਮਸੀਹ, ਕੁਲਦੀਪ ਸਿੰਘ ਝਿੰਗੜ, ਸੋਡੀ ਲਾਲ ਉੱਪਲ, ਕਰਮਜੀਤ ਦੁੰਮਨ, ਰਣਜੀਤ ਸਿੰਘ ਚੌਹਾਨ, ਪਰਸ਼ੋਤਮ ਲਾਲ ਬਿਲਗਾ, ਜਸਬੀਰ ਸਿੰਘ ਝਬਾਲ, ਮਹਿੰਦਰ ਸਿੰਘ ਭੀਲੋਵਾਲ, ਹਰਮੇਸ਼ ਸਿੰਘ ਜਲੰਧਰ ਤੇ ਹੋਰ ਸਾਥੀ ਸ਼ਾਮਿਲ ਹੋਏ।

ਇਸ ਮੀਟਿੰਗ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੇ ਅਧਿਆਪਕ ਆਗੂ ਤੇ ਸੀਪੀਆਈਐੱਮ ਦੇ ਜ਼ਿਲਾ ਕਮੇਟੀ ਮੈਂਬਰ ਸ੍ਰੀਰਾਮ ਬੰਡਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਮਤਾ ਪਾਸ ਕਰਕੇ 18ਵੀਆਂ ਪਾਰਲੀਮੈਂਟ ਚੋਣਾਂ ਵਿੱਚ ਜਲੰਧਰ ਤੋਂ ਚੋਣ ਮੈਦਾਨ ਵਿਚ ਉਤਾਰੇ ਗਏ ਉਮੀਦਵਾਰ ਪਰਸ਼ੋਤਮ ਲਾਲ ਬਿਲਗਾ ਦੀ ਮਦਦ ਕਰਨ ਦਾ ਆਗੂਆਂ ਨੇ ਐਲਾਨ ਕੀਤਾ। ਇੱਕ ਹੋਰ ਅਹਿਮ ਫੈਸਲਾ ਕਰਦਿਆਂ ਆਗੂਆਂ ਨੇ ਆਖਿਆ ਕਿ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਵਸ ਅਤੇ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ ਜਨਮ ਦਿਨ ਬੜੀਆਂ ਇਨਕਲਾਬੀ ਭਾਵਨਾਵਾਂ ਨਾਲ ਮਨਾਇਆ ਜਾਵੇਗਾ।

ਇਸ ਮੌਕੇ 'ਕੰਮੀਆਂ ਦੀ ਲਹਿਰ' ਜਿਹੜੀ ਕਿ ਕੁਲ ਹਿੰਦ ਖੇਤ ਮਜ਼ਦੂਰਾਂ ਦਾ ਬੁਲਾਰਾ ਹੈ, ਵੀ ਰਿਲੀਜ਼ ਕੀਤਾ ਗਿਆ। 'ਕੰਮੀਆਂ ਦੀ ਲਹਿਰ' ਖੇਤ ਮਜ਼ਦੂਰਾਂ ਦਾ ਇਕ ਇਨਕਲਾਬੀ ਦਸਤਾਵੇਜ਼ ਹੈ ਜਿਸ ਵਿੱਚ ਉਨ੍ਹਾਂ ਦੀਆਂ ਸਮੁੱਚੀਆਂ ਗਤੀਵਿਧੀਆਂ, ਜਥੇਬੰਦੀ ਦੇ ਫੈਸਲੇ, ਸੰਘਰਸ਼ਾਂ ਦੀ ਰੂਪ-ਰੇਖਾ, ਕੀਤੇ ਸੰਘਰਸ਼ਾਂ ਦੇ ਵਿਸ਼ਲੇਸ਼ਣ ਛਪਦੇ ਹਨ।

ਗਰਭਵਤੀ ਔਰਤਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਿਹਤ ਮੁਲਾਜ਼ਮਾਂ ਨੂੰ ਦਿੱਤੀਆਂ ਹਦਾਇਤਾਂ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਕਮਲਪਾਲ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਅੱਜ ਗਰਭਵਤੀਆਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਮੀਟਿੰਗ ਕੀਤੀ ਗਈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਐੱਲਐੱਚਵੀ, ਸੀਐੱਚਓ ਅਤੇ ਏਐੱਨਐੱਮ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਉਹ ਗਰਭਵਤੀ ਔਰਤਾਂ ਦੇ ਡਲਿਵਰੀ ਤੋਂ ਪਹਿਲਾਂ 4 ਏਐੱਨਸੀ ਚੈੱਕਅੱਪ ਕਰਵਾਉਣੇ ਯਕੀਨੀ ਬਣਾਉਣ ਤਾਂ ਜੋ ਜੱਚਾ ਅਤੇ ਬੱਚਾ ਦੀ ਸਹੀ ਸਿਹਤ ਸੰਭਾਲ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸਮੇਂ ਸੀਐੱਚਓ ਅਤੇ ਏਐੱਨਐੱਮਓ ਨੂੰ ਹਦਾਇਤ ਕੀਤੀ ਹੈ ਕਿ ਉਹ ਬਲਾਕ ਦੀਆਂ ਹਾਈ ਰਿਸਕ ਗਰਭਵਤੀ ਔਰਤਾਂ ਦਾ ਰਿਕਾਰਡ ਆਪੋ ਆਪਣੇ ਪਾਸ ਰੱਖਣ ਅਤੇ ਮਹੀਨੇ ਦੀ ਹਰ 9 ਤਰੀਕ ਨੂੰ ਬਲਾਕ ਪੱਧਰ ਤੇ ਪ੍ਰਧਾਨ ਮੰਤਰੀ ਸੁਰੱਖਿਆ ਮਾਤਰਿਤ ਕੈਂਪ ਵਿੱਚ ਹਾਈ ਰਿਸਕ ਗਰਭਵਤੀ ਔਰਤਾਂ ਨੂੰ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਸਹੀ ਸਿਹਤ ਸੰਬੰਧੀ ਜਾਣਕਾਰੀ ਦਿੱਤੀ ਜਾ ਸਕੇ ਅਤੇ ਉਨ੍ਹਾਂ ਦਾ ਫਾਲੋਅੱਪ ਕੀਤਾ ਜਾ ਸਕੇ। ਇਸ ਸਮੇਂ ਬੀਈਈ ਹਰਦੀਪ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏਐੱਨਐੱਮ, ਸੀਐੱਚਓ ਅਤੇ ਆਸ਼ਾ ਵਰਕਰ ਘਰ-ਘਰ ਗਰਭਵਤੀ ਔਰਤਾਂ ਨੂੰ ਸਿਹਤ ਸਹੂਲਤਾਂ ਸਬੰਧੀ ਜਾਗਰੂਕ ਕਰਨ ਤਾਂ ਜੋ ਵੱਧ ਰਹੀ ਮੌਤ ਦਰ ਨੂੰ ਘਟਾਇਆ ਜਾ ਸਕੇ। ਇਸ ਸਮੇਂ ਵਿਸ਼ਾਲ ਕੁਮਾਰ ਬੀਐੱਸਏ, ਮਨਦੀਪ ਸਿੰਘ ਆਈਏ, ਸੀਨੀਅਰ ਸਹਾਇਕ ਨਰਿੰਦਰ ਸਿੰਘ, ਕਲਰਕ ਕਰਨਦੀਪ ਸਿੰਘ, ਹੈਲਥ ਇੰਸਪੈਕਟਰ ਬਿਹਾਰੀ ਲਾਲ, ਐੱਲਐੱਚਵੀ ਸਵਿੰਦਰ ਕੌਰ, ਐੱਲਐੱਚਵੀ ਸੁਰਿੰਦਰ ਕੌਰ, ਪ੍ਰਭਜੋਤ ਕੌਰ, ਗਗਨਦੀਪ ਕੌਰ, ਸੁਪਰੀਤ ਕੌਰ, ਜਸਪ੍ਰੀਤ ਕੌਰ, ਰਜਵੰਤ ਕੌਰ, ਇੰਦਰਜੀਤ ਕੌਰ, ਕੁਲਜੀਤ ਕੌਰ, ਸੂਰਜ ਦੇਵਗਨ ਆਦਿ ਹਾਜ਼ਰ ਸਨ।

ਐੱਚ ਡੀ ਐੱਫ ਸੀ ਬੈਂਕ ਵੱਲੋਂ ਪੂਰੇ ਭਾਰਤ 'ਚ 60 ਬੈਂਕਿੰਗ ਆਊਟਲੈੱਟਾਂ ਦਾ ਉਦਘਾਟਨ

ਜਲੰਧਰ : ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ, ਐੱਚਡੀਐੱਫਸੀ ਬੈਂਕ ਨੇ ਭਾਰਤ ਭਰ ਵਿੱਚ ਆਰਬੀਆਈ ਨੋਟੀਫਾਈਡ ਅਨਬੈਂਕਡ ਰੂਰਲ ਸੈਂਟਰਾਂ (ਯੂਆਰਸੀ) ਵਿੱਚ 60 ਬਿਜ਼ਨਸ ਕਾਰਸਪੌਂਡੈਂਟਸ (ਬੀਸੀ) ਦਾ ਉਦਘਾਟਨ ਕੀਤਾ। ਬੈਂਕਿੰਗ ਆਊਟਲੇਟ ਖੋਲ੍ਹਣ ਦਾ ਐਲਾਨ ਕੀਤਾ। ਇਹ ਨਵੇਂ ਆਊਟਲੈੱਟਸ ਹੁਣ ਐੱਚਡੀਐੱਫਸੀ ਬੈਂਕ ਦੀ ਯੂਆਰਸੀ ਨੈੱਟਵਰਕ ਮੌਜੂਦਗੀ ਨੂੰ 5,020 ਆਊਟਲੈੱਟਸ ਤੱਕ ਵਧਾ ਦਿੰਦੇ ਹਨ। ਇਸ 'ਤੇ ਟਿੱਪਣੀ ਕਰਦੇ ਹੋਏ ਸਮਿਤਾ ਭਗਤ, ਗਰੁੱਪ ਹੈੱਡ ਰਿਟੇਲ ਬ੍ਰਾਂਚ ਬੈਂਕਿੰਗ-ਉੱਤਰੀ, ਪੂਰਬੀ ਅਤੇ ਕੇਂਦਰੀ ਏਬੀਸੀਪੀ ਅਤੇ ਰਿਟੇਲ ਐਫਐਕਸ, ਐੱਚਡੀਐੱਫਸੀ ਬੈਂਕ ਨੇ ਕਿਹਾ ਕਿ ਐੱਚਡੀਐੱਫਸੀ ਬੈਂਕ ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸਿਆਂ ਵਿੱਚ ਵੀ ਵਿੱਤੀ ਸਮਾਵੇਸ਼ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਨੂੰ ਖੁਸ਼ੀ ਹੈ ਕਿ ਸਾਡੇ ਬੀਸੀ ਨੈੱਟਵਰਕ ਦਾ ਇੱਕ ਮਹੱਤਵਪੂਰਨ ਹਿੱਸਾ ਲਗਭਗ 34% ਭਾਰਤੀ ਰਿਜ਼ਰਵ ਬੈਂਕ ਦੁਆਰਾ ਸੂਚਿਤ ਕੀਤੇ ਬਿਨਾਂ ਬੈਂਕਡ ਗ੍ਰਾਮੀਣ ਕੇਂਦਰਾਂ ਦੀ ਸੇਵਾ ਕਰਦਾ ਹੈ।

ਰਾਮ ਨਾਥ ਕੋਵਿੰਦ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ

ਤਲਵੰਡੀ ਸਾਬੋ (ਬਠਿੰਡਾ) (ਜਗਦੀਪ ਗਿੱਲ)-ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅੱਜ ਇੱਥੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ, ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਹਰਜਿੰਦਰ ਸਿੰਘ ਜੱਸਲ, ਮੀਤ ਮੈਨੇਜਰ ਤਖਤ ਸ੍ਰੀ ਦਮਦਮਾ ਸਾਹਿਬ ਗੁਰਸੇਵਕ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਆਪਣੇ ਦੌਰੇ ਦੌਰਾਨ ਸ਼੍ਰੀ ਰਾਮ ਨਾਥ ਕੋਵਿੰਦ ਨੇ ਗੁਰੂ ਕੀ ਨਗਰੀ ਤਖਤ ਸ੍ਰੀ ਦਮਦਮਾ ਸਾਹਿਬ ਨਾਲ ਜੁੜੀ ਇਤਿਹਾਸਕ ਪ੍ਰਦਰਸ਼ਨੀ ਦੇ ਦਰਸ਼ਨ ਵੀ ਕੀਤੇ ਅਤੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਕੋਲੋਂ ਗੁਰਦੁਆਰਾ ਸਾਹਿਬ ਦੇ ਸਮੁੱਚੇ ਇਤਿਹਾਸ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਇਸ ਮੌਕੇ ਸ਼੍ਰੀ ਕੋਵਿੰਦ ਨੂੰ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਓ, ਤਖਤ ਸ੍ਰੀ ਦਮਦਮਾ ਸਾਹਿਬ ਦਾ ਮਾਡਲ ਅਤੇ ਸ੍ਰੀ ਸਾਹਿਬ ਵੀ ਭੇਟ ਕੀਤਾ।

AMBIT Finvest
Pragati ke partner

AMBIT FINVEST PRIVATE LIMITED
Corporate Off: Kanakia Wall Street, 5th Floor, A 506-510, Andheri-Kurla Road, Andheri East, Mumbai-400093
Branch Off: DSM 352-354, 3rd Floor, DLF Tower, Shivaji Marg, Moti Nagar, New Delhi 110015

ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਜਨਤਕ ਨੋਟਿਸ

ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ 30 ਦਿਨਾਂ ਦਾ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਗਹਿਣੇ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਵੇਂ ਦਾ ਅੰਬਿਤ ਫਿਨਵੈਸਟ ਪ੍ਰਾਈ: ਲਿਮ:/ਸਕਿਉਰਡ ਕਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ਾ ਹਾਸਲ ਕੀਤਾ ਜਾ ਚੁੱਕਾ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਉੱਥੇ ਜੋ ਵੀ ਹੈ' ਦੇ ਅਧਾਰ 'ਤੇ ਅੰਬਿਤ ਫਿਨਵੈਸਟ ਪ੍ਰਾਈ: ਲਿਮ:/ਸਕਿਉਰਡ ਕ੍ਰੈਡਿਟਰ ਵੱਲੋਂ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਵੱਲ ਹੇਠਾਂ ਦਰਸਾਏ ਬਕਾਏ ਅਤੇ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਸਮੇਤ ਵਸੂਲੀ ਲਈ ਹੇਠਾਂ ਦਰਸਾਈ ਮਿਤੀ ਅਤੇ ਸਮੇਂ ਅਨੁਸਾਰ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਕਮ ਡਿਪਾਜ਼ਟ (ਈ ਐੱਮ ਡੀ) ਅਤੇ ਈ ਐੱਮ ਡੀ ਡਿਪਾਜ਼ਟ ਦੀ ਅੰਤਮ ਮਿਤੀ ਵੀ ਹੇਠਾਂ ਦਰਸਾਈ ਗਈ ਹੈ।

ਕਰਜ਼ਦਾਰ/ਗਰੰਟਰ/ ਕਰਜ਼ਾ ਖਾਤਾ	ਡਿਮਾਂਡ ਨੋਟਿਸ ਮਿਤੀ ਤੇ ਰਕਮ	ਅਚੱਲ ਜਾਇਦਾਦ ਦਾ ਵੇਰਵਾ	ਰਾਖਵੀਂ ਕੀਮਤ, ਈ ਐੱਮ ਡੀ ਅਤੇ ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ	ਈ-ਨਿਲਾਮੀ ਦੀ ਮਿਤੀ ਅਤੇ ਸਮਾਂ
1.ਚੌਹਾਨ ਫਰਨੀਚਰ ਹਾਊਸ 2. ਮੁਖਤਿਆਰ ਕੌਰ 3. ਸਤਪਾਲ ਸਿੰਘ ਕਰਜ਼ਾ ਖਾਤਾ ਨੰ. : LUI00000011062, LUI00000023320 & LUI00000023485	ਡਿਮਾਂਡ ਨੋਟਿਸ ਦੀ ਮਿਤੀ 26.12.2022 ਅਤੇ 26/12/2022 ਨੂੰ ਰਕਮ 41,13,983.97/- (ਇਕਤਾਲੀ ਲੱਖ ਤੇਰਾਂ ਹਜ਼ਾਰ ਨੌ ਸੌ ਤਰਿਆਸੀ ਰੁਪਏ ਅਤੇ ਸਤਾਨਵੇਂ ਪੈਸੇ ਕੇਵਲ) ਸਮੇਤ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਅਤੇ ਇਸ ਉੱਪਰ ਭਵਿੱਖੀ ਵਿਆਜ।	ਜਾਇਦਾਦ ਰਕਬਾ 605 ਵਰਗ ਗਜ਼, ਖਸਰਾ ਨੰ. 8//5/1, 8//6/2, 8//7, 8//14/2, 259, 8//4, 245, 7//11, 7//20/1, 7//26, 8//6/3, 46, 7//10/2, 8//6/4, 811/15/1, ਖੱਤਾ ਨੰ. 86/93, 94, 87/95, 88/96, 320/336, ਜਮ੍ਹਾਂਬੰਦੀ ਸਾਲ 2011-2012, ਮੰਗਲੀ ਟਾਂਡਾ, ਰਾਹੋਂ ਰੋਡ, ਸਰਕਾਰੀ ਸਕੂਲ ਦੇ ਪਿਛਲੇ ਪਾਸੇ, ਹਦਬਸਤ ਨੰ. 49, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141007 ਨਾਲ ਸੰਬੰਧਤ ਸਭ ਕੁਝ। ਉਕਤ ਜਾਇਦਾਦ ਦੀਆਂ ਹੱਦਾਂ : ਪੂਰਬ : ਖੇਤ ਬਾਹੀ 126, ਪੱਛਮ : ਅਵਤਾਰ ਸਿੰਘ ਅਤੇ ਹੋਰ ਬਾਹੀ 120, ਦੱਖਣ : ਮੰਗਲੀ ਟਾਂਡਾ ਰੋਡ ਬਾਹੀ 45, ਉੱਤਰ : ਖੇਤ ਬਾਹੀ 43'	ਰਖਵੀਂ ਕੀਮਤ : ਰੁਪਏ 42,66,738 (ਬਤਾਲੀ ਲੱਖ ਛਿਆਹਠ ਹਜ਼ਾਰ ਸੱਤ ਸੌ ਅਠੱਤੀ ਰੁਪਏ ਕੇਵਲ) ਈ ਐੱਮ ਡੀ : ਰੁਪਏ 4,26,674/- (ਚਾਰ ਲੱਖ ਛੱਬੀ ਹਜ਼ਾਰ ਛੇ ਸੌ ਚੁਹੱਤਰ ਰੁਪਏ ਕੇਵਲ) ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 23/04/2024	ਮਿਤੀ 30/04/2024 ਸਮਾਂ 11.00 ਵਜੇ ਸਵੇਰ ਤੋਂ 2.00 ਵਜੇ ਸ਼ਾਮ ਤੱਕ। (ਹਰੇਕ 5 ਮਿੰਟ ਦੇ ਵਾਧੇ ਨਾਲ)

ਈ-ਨਿਲਾਮੀ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: ਰਾਹੀਂ https://ambitfinvest.auctiontiger.net 'ਤੇ ਆਨਲਾਈਨ ਕੀਤੀ ਜਾਵੇਗੀ। ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਬਾਰੇ ਵੇਰਵੇ ਲਈ ਕ੍ਰਿਪਾ ਕਰਕੇ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: (ਆਕਸ਼ਨ ਟਾਈਗਰ) ਨਾਲ ਸੰਪਰਕ ਕੀਤਾ ਜਾਵੇ। (ਹੈਲਪ ਲਾਈਨ ਨੰਬਰ ਲੈਂਡਲਾਈਨ -79-68136880/881/837/842, ਫੋਨ ਨੰ: 9265562818/9265562821/9265562819, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ, ਈ ਮੇਲ ਆਈ ਡੀ ramprasad@auctiontiger.net ਜਾਂ ਲਿੰਕ https://ambitfinvest.auctiontiger.net ਦਾ ਹਵਾਲਾ ਲਿਆ ਜਾਵੇ।

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਸ੍ਰੀ ਵਿਜੇ ਸ਼ਰਮਾ ਸੀਨੀਅਰ ਮੈਨੇਜਰ, ਮੋਬਾਈਲ ਨੰ: 9887871631, ਈ ਮੇਲ ਆਈ ਡੀ vijay.sharma@ambit.co ਅਤੇ ਸ੍ਰੀ ਸੰਦੀਪ ਕੁਮਾਰ ਸਹਾਇਕ ਮੈਨੇਜਰ ਮੋਬਾਇਲ ਨੰ: 7053016294, ਈਮੇਲ ਆਈ ਡੀ sandeepkumar.k@ambit.co ਅੰਬਿਤ ਫਿਨਵੈਸਟ ਪ੍ਰਾਈ: ਲਿਮ: ਨਾਲ ਸੰਪਰਕ ਕੀਤਾ ਜਾਵੇ।

ਸਥਾਨ : ਲੁਧਿਆਣਾ
ਮਿਤੀ : 18/03/2024

ਸਹੀ/-
ਅਧਿਕਾਰਤ ਅਫਸਰ
ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ